**BUDHA DAL PUBLIC SCHOOL PATIALA**
**First Term Examination (9 September 2024)**
**Class - VI**
**Paper - Punjabi**
**Set - B**

**Time: 3 hrs.** **MM: 80**

**ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।**

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5×1=5)

ਮੇਰਾ ਪੰਜਾਬ ਇੱਕ ਖੁਸ਼ਹਾਲ ਪ੍ਰਾਂਤ ਹੈ। ਇਹ ਭਾਰਤ ਦੇ ਉੱਤਰ ਵਿੱਚ ਵੱਸਿਆ ਹੋਇਆ ਹੈ। ਇਸ ਦੇ ਇਸ ਵੇਲੇ 23 ਜ਼ਿਲ੍ਹੇ ਹਨ। ਹਰੇਕ ਜ਼ਿਲ੍ਹਾ ਬਲਾਕ ਅਤੇ ਤਹਿਸੀਲਾਂ ਵਿੱਚ ਫੈਲਿਆ ਹੋਇਆ ਹੈ। ਇਸ ਦੀ ਰਾਜਧਾਨੀ ਚੰਡੀਗੜ੍ਹ ਹੈ। ਚੰਡੀਗੜ੍ਹ ਇੱਕ ਆਧੁਨਿਕ ਕਿਸਮ ਦਾ ਖ਼ੂਬਸੂਰਤ ਸ਼ਹਿਰ ਹੈ। ਪੰਜਾਬ ਦੀ ਜ਼ਿਆਦਾ ਵਸੋਂ ਪਿੰਡਾਂ ਵਿੱਚ ਰਹਿੰਦੀ ਹੈ। ਇੱਥੋ ਦੇ ਲੋਕ ਜ਼ਿਆਦਾਤਰ ਖੇਤੀ ਕਰਦੇ ਹਨ। ਪੰਜਾਬ ਦਾ ਨਾਂ ਇਸ ਵਿੱਚ ਵਹਿੰਦੇ ਪੰਜ ਦਰਿਆਵਾਂ ਦੇ ਨਾਂ 'ਤੇ ਪਿਆ ਸੀ। ਪੰਜਾਬੀ, ਪੰਜਾਬ ਦੀ ਮਾਤ-ਭਾਸ਼ਾ ਹੈ। ਹਰੇਕ ਪੰਜਾਬੀ ਨੂੰ ਆਪਣੀ ਮਾਂ-ਬੋਲੀ ਨਾਲ ਪਿਆਰ ਹੈ। ਗਿੱਧਾ ਅਤੇ ਭੰਗੜਾ ਪੰਜਾਬ ਦੇ ਲੋਕ-ਨਾਚ ਹਨ। ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਬਠਿੰਡਾ, ਪਟਿਆਲਾ ਇਸ ਦੇ ਮਹਾਂਨਗਰ ਹਨ।

ੳ) ਪੰਜਾਬ ਕਿਹੋ ਜਿਹਾ ਪ੍ਰਾਂਤ ਹੈ?
ਅ) ਪੰਜਾਬ ਦੀ ਰਾਜਧਾਨੀ ਦਾ ਨਾਂ ਲਿਖੋ।
ੲ) ਪੰਜਾਬ ਦੀ ਜ਼ਿਆਦਾ ਵਸੋਂ ਕਿੱਥੇ ਰਹਿੰਦੀ ਹੈ?
ਸ) ਪੰਜਾਬ ਦੇ ਲੋਕ ਨਾਚਾਂ ਦੇ ਨਾਂ ਲਿਖੋ।
ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਵਿਚਾਰ 40-50 ਸ਼ਬਦਾਂ ਵਿੱਚ ਲਿਖੋ।** (5×1=5)



B-1

## ਵਿਆਕਰਨ

1) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:

ੳ) ਉਚਾ-ਨੀਵਾਂ ਬੋਲਣਾ (4)

ਅ) ਆਈ ਚਲਾਈ ਕਰਨੀ

ੲ) ਇੱਕ ਅੱਖ ਨਾਲ ਵੇਖਣਾ

ਸ) ਅੱਖਾਂ ਫੇਰ ਲੈਣਾ

2) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (3)

ੳ) ਪੰਜਾਬ ਵਿੱਚ ਰਹਿਣ ਵਾਲੇ

ਅ) ਜੋ ਕੰਮ ਤੋਂ ਜੀਅ ਚੁਰਾਵੇ

ੲ) ਜੋ ਕਦੇ ਨਾ ਮਰੇ

3) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (3)

ਅਕਾਸ਼, ਉਪਕਾਰ, ਸੁੰਦਰ

4) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2)

ਖੁਸ਼, ਅਪ

5) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2)

ਹਾਰਾ, ਆਈ

6) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (4×½=2)

ਨਕਸ਼ਾ, ਬਾਂਦਰ, ਵਾਜਾ, ਦਵਾਤ

7) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (4×½=2)

ਆਸਤਕ, ਸਿਆਣਾ, ਚੰਗਾ, ਤਕੜਾ

8) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (4×½=2)

ਕੇਹੜਾ, ਜੰਗਲ, ਆਸਾਨ, ਪਜਾਰਾ

9) ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣ ਕੇ ਉਸਦੀ ਕਿਸਮ ਲਿਖੋ: (2)

ੳ) ਵਿਰਾਟ ਕੋਹਲੀ ਇੱਕ ਵਧੀਆ ਖਿਡਾਰੀ ਹੈ।

ਅ) ਫ਼ੌਜ ਨੇ ਹਮਲਾ ਕਰ ਦਿੱਤਾ।

10) ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਸਦੀ ਕਿਸਮ ਲਿਖੋ: (2)

ੳ) ਅਸੀਂ ਕ੍ਰਿਕਟ ਖੇਡ ਰਹੇ ਹਾਂ।

ਅ) ਕੌਣ ਆਇਆ ਹੈ?

11) ਹੇਠ ਲਿਖੇ ਵਾਕਾਂ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ: (2)

ੳ) ਮੇਰੇ ਪਿਤਾ ਜੀ ਅਧਿਆਪਕ ਹਨ

ਅ) ਬੱਚੇ ਕਿੱਥੇ ਖੇਡ ਰਹੇ ਹਨ

B-2

## ਪਾਠ-ਪੁਸਤਕ 'ਤੇ ਅਧਾਰਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** (6×1=6)

ੳ) ਚੋਰਾਂ ਨੇ ਕਿਸ ਦੇ ਘਰ ਚੋਰੀ ਕਰਨ ਦਾ ਮਨ ਬਣਾਇਆ?

ਅ) ਘੜੀ ਉੱਤੇ ਸਮਾਂ ਦੇਖਣ ਲਈ ਕਿੰਨ੍ਹੇ ਤੋਂ ਕਿੰਨ੍ਹੇ ਤੱਕ ਨੰਬਰ ਲਿਖੇ ਹੁੰਦੇ ਹਨ?

ੲ) ਹਵਾ ਕਿਸ ਨਾਲ ਖਹਿ ਕੇ ਆਪਣੀ ਤਾਕਤ ਦੱਸਦੀ ਹੈ?

ਸ) ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਕਿਹੜੇ ਗੁਰੂ ਸਾਹਿਬ ਨਾਲ ਸੰਬੰਧਤ ਹੈ?

ਹ) ਲੋਕ ਕਿਸ ਤੋਂ ਤੰਗ ਸਨ?

ਕ) ਦੂਸਰੀ ਵਾਰ ਚੋਰਾਂ ਦਾ ਹੱਥ ਕਿਸ ਤੇ ਪੈ ਗਿਆ?

ਖ) ਸ਼ਿਕਾਰੀ ਕੀ ਕਰਦੇ ਹਨ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਦਿਓ: (ਕੋਈ ਪੰਜ)** (5×2=10)

ੳ) ਘੜੀ ਤੋਂ ਸਾਨੂੰ ਕੀ ਸਿੱਖਣਾ ਚਾਹੀਦਾ ਹੈ?

ਅ) ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਨੂੰ ਕੀ ਜਵਾਬ ਦਿੱਤਾ?

ੲ) ਸ਼ਿਕਾਰੀ ਨੇ ਚਿੜੀ ਨੂੰ ਲੜਾਈ ਲਈ ਕਿਵੇਂ ਤਿਆਰ ਕੀਤਾ?

ਸ) ਕਿਸਾਨ ਨੂੰ ਆਪਣਾ ਪਿੰਡ ਕਿਉਂ ਛੱਡਣਾ ਪਿਆ?

ਹ) ਅੱਗ ਵਿੱਚ ਜਾ ਕੇ ਹਵਾ ਕਿਵੇਂ ਸਾਹੋ-ਸਾਹ ਹੋ ਜਾਂਦੀ ਹੈ? ਕੀ ਹਵਾ ਅੱਗ ਪ੍ਰਕਿਰਿਆ ਵਿੱਚ ਸ਼ਾਮਲ ਹੁੰਦੀ ਹੈ?

ਕ) ਦਿੱਲੀ ਦੇ ਗੁਰਦੁਆਰੇ ਕਿਹੜੇ-ਕਿਹੜੇ ਗੁਰੂ ਸਾਹਿਬ ਨਾਲ ਸੰਬੰਧਿਤ ਹਨ?

**3) ਖਾਲੀ ਥਾਵਾਂ ਭਰੋ:** (4×1=4)

ੳ) ਇੰਗਲੈਂਡ ਵਿੱਚ ............ ਨਾਲ ਇਹ ਵਕਫ਼ਾ ਮਿਣਿਆ ਗਿਆ।

ਅ) ਉਸ ਕੋਲ ............. ਦਾ ਇੱਕ ਪਿੰਜਰਾ ਸੀ।

ੲ) ਸਾਰੇ ................ ਚੂਸ ਆਖਦੇ ਰੱਖਦੇ ਉਸ ਤੋਂ ਦੂਰੀ।

ਸ) ............ ਵਿੱਚ ਉਸਨੂੰ ਸੁਖਰਾਮ ਮਿਲਿਆ।

**4) ਹੇਠ ਲਿਖੇ ਵਾਕਾਂ ਵਿੱਚ ਸਹੀ ਵਾਕ ਅੱਗੇ ਸਹੀ ਅਤੇ ਗਲਤ ਵਾਕ ਅੱਗੇ ਗਲਤ ਦਾ ਨਿਸ਼ਾਨ ਲਗਾਓ:** (4×½=2)

ੳ) ਸੁਖਰਾਮ ਦਾ ਪੁੱਤਰ ਰੱਸਾ ਲੈਣ ਲਈ ਚਲਾ ਗਿਆ।

ਅ) ਹਾਥੀ ਚਿੜੀ ਦੀ ਚਲਾਕੀ ਅੱਗੇ ਹਾਰ ਗਿਆ।

ੲ) ਚੋਰਾਂ ਨੇ ਧਨੀ ਰਾਮ ਦੀ ਦੌਲਤ ਚੋਰੀ ਕਰ ਲਈ।

ਸ) ਹਵਾ ਸਭ ਦਾ ਕਹਿਣਾ ਮੰਨਦੀ ਹੈ।

**5) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** (2×1=2)

ੳ) "ਪਿੱਛੇ ਹੋ ਜਾ ਬਈ ਦੇਖੀਂ ਹਾਥੀ ਦੇ ਹੇਠਾਂ ਨਾ ਆ ਜਾਈਂ।"

ਅ) "ਨਹੀਂ ਅਸੀਂ ਤੈਨੂੰ ਮਾਫ਼ ਨਹੀਂ ਕਰਨਾ, ਤੂੰ ਲੋਕਾਂ ਨੂੰ ਬਹੁਤ ਤੰਗ ਕਰਦਾ ਹੈਂ।"

6) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ: (ਕੋਈ ਚਾਰ) (4)

ਟੋਲਾ, ਬਾਲਣ, ਮਹਾਵਤ, ਯਾਤਰਾ, ਤਾਕਤ

## ਲਿਖਣ-ਕੌਸ਼ਲ

1) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (8)

**ਵਿਸਾਖੀ**

ਨੁਕਤੇ -

ਜਾਣ-ਪਛਾਣ, ਮੇਲੇ ਦਾ ਲੱਗਣਾ, ਮੇਲਾ ਵੇਖਣ ਜਾਣਾ, ਇਤਿਹਾਸਕ ਪਿਛੋਕੜ, ਮੇਲੇ ਦਾ ਦ੍ਰਿਸ਼, ਭੰਗੜਾ ਤੇ ਮੈਚ, ਮੇਲੇ ਤੋਂ ਵਾਪਸੀ।

ਜਾਂ

**ਅਖ਼ਬਾਰਾਂ ਦੇ ਲਾਭ ਹਾਨੀਆਂ**

ਨੁਕਤੇ -

ਜਾਣ-ਪਛਾਣ, ਅਖ਼ਬਾਰਾਂ ਦੀਆਂ ਕਿਸਮਾਂ, ਅਖ਼ਬਾਰਾਂ ਦੇ ਲਾਭ-ਤਾਜ਼ੀਆਂ ਖ਼ਬਰਾਂ, ਆਮ ਜਾਣਕਾਰੀ ਦਾ ਸਾਧਨ, ਨੌਜਵਾਨਾਂ ਲਈ ਲਾਭਦਾਇਕ, ਵਪਾਰਕ ਲਾਭ, ਰਾਜਨੀਤਕ ਆਗੂਆਂ ਦੇ ਵਿਚਾਰ, ਰੱਦੀ ਵੇਚਣਾ, ਅਖ਼ਬਾਰਾਂ ਦੀਆਂ ਹਾਨੀਆਂ-ਭੜਕਾਊ ਵਿਚਾਰ, ਅਸ਼ਲੀਲ ਚਿੱਤਰ ਤੇ ਕਹਾਣੀਆਂ, ਅਖ਼ਬਾਰਾਂ ਤੋਂ ਲਾਭ ਉਠਾਓ।

2) ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਜੀ ਨੂੰ ਬਿਮਾਰੀ ਦੀ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ। (8)

ਜਾਂ

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜ਼ਰੂਰੀ ਕੰਮ ਲਈ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।